Royal College of Anaesthetists

# ਅਨੱਸਥੀਸੀਆ ਵਿੱਚ ਆਮ ਘਟਨਾਵਾਂ ਅਤੇ ਜੋਖਮ

**ਇਹ ਸੰਖੇਪ ਇਸ਼ਤਿਹਾਰ ਉਹਨਾਂ ਆਮ ਘਟਨਾਵਾਂ ਅਤੇ ਜੋਖਮਾਂ ਨੂੰ ਦਿਖਾਉਂਦਾ ਹੈ ਜਿਹਨਾਂ ਦਾ ਸਾਹਮਣਾ ਆਮ ਭਾਰ ਵਾਲੇ ਸਿਹਤਮੰਦ ਬਾਲਗ ਮਰੀਜ਼ ਸਧਾਰਨ ਸਰਜਰੀ ਲਈ ਕਿਸੇ ਆਮ ਅਨੱਸਥੀਟਿਕ ਨੂੰ ਲੈਣ ਸਮੇਂ ਕਰਦੇ ਹਨ। (ਖਾਸ ਸਰਜਰੀਆਂ ਲਈ ਵੱਖਰੇ ਜੋਖਮ ਹੋ ਸਕਦੇ ਹਨ)।**

ਆਧੁਨਿਕ ਐਨੱਸਥੈਟਿਕ (ਸਰਜਰੀ ਤੋਂ ਪਹਿਲਾਂ ਸੁੰਨ/ਬੇਹੋਸ਼ ਕਰਨ ਵਾਲੀਆਂ ਦਵਾਈਆਂ) ਬਹੁਤ ਸੁਰੱਖਿਅਤ ਹਨ। ਐਨੱਸਥੈਟਿਕ ਦਵਾਈਆਂ ਜਾਂ ਵਰਤੇ ਜਾਂਦੇ ਉਪਕਰਣਾਂ ਦੇ ਕੁਝ ਆਮ ਮਾੜੇ ਪ੍ਰਭਾਵ ਹੁੰਦੇ ਹਨ, ਜੋ ਕਿ ਅਕਸਰ ਗੰਭੀਰ ਜਾਂ ਲੰਮਾ ਚਿਰ ਰਹਿਣ ਵਾਲੇ ਨਹੀਂ ਹੁੰਦੇ ਹਨ। ਵੱਖ-ਵੱਖ ਲੋਕਾਂ ਵਿੱਚ ਵੱਖ-ਵੱਖ ਤਰ੍ਹਾਂ ਦਾ ਜੋਖਮ ਹੋਵੇਗਾ ਅਤੇ ਇਹ ਕੀਤੀ ਗਈ ਪ੍ਰਕਿਰਿਆ ਅਤੇ ਵਰਤੇ ਗਏ ਬੇਹੋਸ਼ ਕਰਨ ਦੇ ਢੰਗ ਉੱਤੇ ਨਿਰਭਰ ਕਰੇਗਾ। ਤੁਹਾਡਾ ਐਨੱਸਥੀਟਿਸਟ ਅਜਿਹੇ ਜੋਖਮਾਂ ਬਾਰੇ ਤੁਹਾਡੇ ਨਾਲ ਵਿਚਾਰ-ਚਰਚਾ ਕਰੇਗਾ, ਜੋ ਕਿ ਉਸਨੂੰ ਲੱਗਦਾ ਹੈ ਕਿ ਤੁਹਾਡੇ ਲਈ ਵਧੇਰੇ ਮਹੱਤਵਪੂਰਨ ਹੋ ਸਕਦੇ ਹਨ। ਤੁਹਾਨੂੰ ਉਹਨਾਂ ਨਾਲ ਉਹ ਵੀ ਗੱਲ ਕਰਨੀ ਚਾਹੀਦੀ ਹੈ ਜੋ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੇ ਲਈ ਜ਼ਰੂਰੀ ਹੈ।

ਕੁਝ ਹੋਰ ਘੱਟ ਆਮ ਜੋਖਮ ਹਨ, ਜਿਹਨਾਂ ਬਾਰੇ ਤੁਹਾਡਾ ਐਨੱਸਥੀਟਿਸਟ ਆਮ ਕਰਕੇ ਗੱਲ ਨਹੀਂ ਕਰੇਗਾ, ਜਦੋਂ ਤੱਕ ਕਿ ਉਸਨੂੰ ਇਹ ਨਾ ਲੱਗਦਾ ਹੋਵੇ ਕਿ ਤੁਸੀਂ ਜ਼ਿਆਦਾ ਵੱਡੇ ਖਤਰੇ ਵਿੱਚ ਹੋ। ਇਹਨਾਂ ਨੂੰ ਇਸ ਇਸ਼ਤਿਹਾਰ ਵਿੱਚ ਦਿਖਾਇਆ ਨਹੀਂ ਗਿਆ ਹੈ।

---

**ਬਹੁਤ ਆਮ – 10 ਵਿੱਚੋਂ 1 ਤੋਂ ਵੱਧ, ਤੁਹਾਡੇ ਪਰਿਵਾਰ ਵਿੱਚੋਂ ਇੱਕ ਵਿਅਕਤੀ ਦੇ ਬਰਾਬਰ**

- ਜੀਅ ਕੱਚਾ ਹੋਣ
- ਕੰਬਣੀ
- ਤੇਹ ਲੱਗਣੀ*
- ਗਲੇ ਵਿੱਚ ਦਰਦ
- ਨੀਲ ਪੈਣੇ
- ਆਰਜ਼ੀ ਯਾਦਦਾਸ਼ਤ ਗੁਆਚਣੀ (ਮੁੱਖ ਤੌਰ 'ਤੇ 60 ਤੋਂ ਵੱਧ ਉਮਰ ਦੇ ਲੋਕਾਂ ਵਿੱਚ)

---

**ਆਮ – 10 ਵਿੱਚੋਂ 1 ਤੋਂ100 ਵਿੱਚੋਂ 1 , ਸੜਕ ਉੱਤੇ ਇੱਕ ਵਿਅਕਤੀ ਦੇ ਬਰਾਬਰ**

- ਟੀਕਾ ਲੱਗਣ ਦੀ ਥਾਂ ਉੱਤੇ ਪੀੜ ਹੋਣਾ*
- ਛੋਟੀ ਮੋਟੀ ਬੁੱਲ ਜਾਂ ਜੀਭ ਦੀ ਸੱਟ

---

**ਅਸਧਾਰਨ – 100 ਵਿੱਚੋਂ 1 ਤੋਂ ਲੈ ਕੇ 1,000 ਵਿੱਚੋਂ 1 ਤੱਕ, ਪਿੰਡ ਵਿੱਚ ਇੱਕ ਵਿਅਕਤੀ ਦੇ ਬਰਾਬਰ**

- ਛੋਟੀ-ਮੋਟੀ ਨਾੜੀ ਦੀ ਸੱਟ

---

**ਟਾਵਾਂ– 1,000 ਵਿੱਚੋਂ 1 ਤੋਂ ਲੈ ਕੇ 10,000 ਵਿੱਚੋਂ 1 ਤੱਕ, ਛੋਟੇ ਕਸਬੇ ਵਿੱਚ ਇੱਕ ਵਿਅਕਤੀ ਦੇ ਬਰਾਬਰ**

- **1,000 ਵਿੱਚੋਂ 1** -ਪੈਰੀਫੇਰਲ ਨਸਾਂ ਨੂੰ ਨੁਕਸਾਨ ਜੋ ਸਥਾਈ ਹੈ
- **2,800 ਵਿੱਚੋਂ 1** ਕੋਰਨੀਲ ਰਗੜ (ਅੱਖ ਉੱਤੇ ਝਰੀਟ)
- **4,500 ਵਿੱਚੋਂ 1** ਦੰਦਾਂ ਦਾ ਨੁਕਸਾਨ, ਜਿਸ ਦਾ ਇਲਾਜ ਕਰਵਾਉਣ ਦੀ ਲੋੜ ਹੁੰਦੀ ਹੈ
- ਐਲਰਜੀ **10,000 ਵਿੱਚੋਂ 1** ਐਨਾਫਾਈਲੈਕਸਿਸ (ਦਵਾਈ ਨਾਲ ਗੰਭੀਰ ਐਲਰਜੀ ਹੋਣਾ)

---

**ਬਹੁਤ ਹੀ ਟਾਵਾਂ – 10,000 ਵਿੱਚੋਂ 1 ਤੋਂ ਲੈ ਕੇ1,00,000 ਵਿੱਚੋਂ 1 ਜੋਂ ਵੱਡੇ ਕਸਬੇ ਵਿੱਚੋਂ ਇੱਕ ਵਿਅਕਤੀ ਦੇ ਬਰਾਬਰ**

ਖ਼ਤਰੇ, ਜੋ ਅਸੀਂ ਆਪਣੀ ਆਮ ਜ਼ਿੰਦਗੀ ਵਿੱਚ ਲੈਂਦੇ ਹਨ, ਜਿਵੇਂ ਸੜਕ ਉੱਤੇ ਚੱਲਣਾ,ਹੇਠਾਂ ਦਿੱਤੇ ਖ਼ਤਰਿਆਂ ਤੋਂ ਕਿਤੇ ਵੱਧ ਹਨ।

- **20,000 ਵਿੱਚੋਂ 1** ਸੁੰਨ ਕਰਨ ਦੇ ਦੌਰਾਨ ਸੁਧ ਹੋਣੀ
- **1,00,000 ਵਿੱਚੋਂ 1** ਅੱਖਾਂ ਦੀ ਨਿਗ੍ਹਾ ਖਤਮ ਹੋਣਾ
- **1,00,000 ਵਿੱਚੋਂ 1** ਸੁੰਨ ਕਰਨ ਦੀ ਦਵਾਈ ਦੇ ਸਿੱਧੇ ਨਤੀਜੇ ਵਜੋਂ ਮੌਤ

---